# PC-745/MH

**CS/2051**

PUNJABI COMPULSORY (MUDLA GYAN)–B
(Semester–VI)

Time : Three Hours] [Maximum Marks : 75

## ਭਾਗ–ੳ

I. ਹੇਠ ਦਿੱਤੇ ਪ੍ਰਸ਼ਨਾਂ ਵਿਚੋਂ ਕੋਈ **ਦੋ** ਪ੍ਰਸ਼ਨ ਕਰੋ :

'ਪੰਜਾਬ ਦੇ ਵੇਖਣਯੋਗ ਇਤਿਹਾਸਕ ਸਮਾਰਕ' ਨਿਬੰਧ ਵਿਚ ਪੇਸ਼ ਵਿਚਾਰਾਂ ਦੀ ਪੁਸ਼ਟੀ ਕਰੋ।

ਜਾਂ

'ਪੰਜਾਬੀ ਸਭਿਆਚਾਰ ਦੀ ਮੂਲ ਬਣਤਰ' ਨਿਬੰਧ ਦਾ ਵਿਸ਼ਾ ਬਿਆਨ ਕਰੋ।

ਜਾਂ

'ਕਬੱਡੀ ਪੰਜਾਬ ਦੀ' ਨਿਬੰਧ ਦਾ ਸਾਰ ਲਿਖੋ।

ਜਾਂ

'ਪੰਜਾਬ ਵਿਚ ਜਾਤ ਵਿਵਸਥਾ' ਨਿਬੰਧ ਦਾ ਵਿਸ਼ਾ ਲਿਖੋ।

ਜਾਂ

'ਪੰਜਾਬ ਦਾ ਅਜੋਕਾ ਪਿੰਡ' ਨਿਬੰਧ ਦਾ ਸਾਰ ਬਿਆਨ ਕਰੋ।

(2×8=16)

## ਭਾਗ–ਅ

II. ਕੋਈ **ਇਕ** ਪੱਤਰ ਲਿਖੋ :

ਤੁਹਾਡੇ ਇਲਾਕੇ ਵਿਚ ਬੈਂਕ ਦਾ ਏ.ਟੀ.ਐਮ. ਆਮ ਕਰਕੇ ਖ਼ਰਾਬ ਹੀ ਰਹਿੰਦਾ ਹੈ। ਇਸ ਬਾਰੇ ਸੰਬੰਧਿਤ ਬੈਂਕ ਦੇ ਮੈਨੇਜਰ ਨੂੰ ਪੱਤਰ ਲਿਖੋ।

ਜਾਂ

ਤੁਹਾਡਾ ਮੋਬਾਈਲ ਫੋਨ ਕਿਧਰੇ ਗੁੰਮ ਹੋ ਗਿਆ ਹੈ। ਇਸ ਸੰਬੰਧੀ ਰਿਪੋਰਟ ਦੇਣ ਲਈ ਆਪਣੇ ਇਲਾਕੇ ਦੇ ਐੱਸ.ਐੱਚ.ਓ. ਨੂੰ ਚਿੱਠੀ ਲਿਖੋ।

ਜਾਂ

ਆਪਣੇ ਰਾਜ ਦੇ ਵਿੱਦਿਆ ਮੰਤਰੀ ਨੂੰ ਇੱਕ ਚਿੱਠੀ ਰਾਹੀ ਇਹ ਬੇਨਤੀ ਕਰੋ ਕਿ ਤੁਹਾਡੇ ਇਲਾਕੇ ਵਿਚ ਇਕ ਤਕਨੀਕੀ ਕਾਲਜ ਖੋਲ੍ਹਿਆ ਜਾਵੇ। (9)

III. ਕੋਈ **20** ਬਹੁਤੇ ਸ਼ਬਦਾਂ ਦੀ ਥਾਂ ਇਕ ਸ਼ਬਦ ਲਿਖੋ :

(1) ਬਹੁਤ ਜ਼ਿਆਦਾ ਮੁੱਲ ਵਾਲਾ।

(2) ਬਹੁਤ ਹੀ ਉਪਜਾਊ ਭੂਮੀ।

(3) ਜੋ ਰੱਬ ਨੂੰ ਨਾ ਮੰਨੇ।

(4) ਖੁੱਲ੍ਹਾ ਪੱਧਰਾ ਇਲਾਕਾ।

(5) ਮਾਝੇ ਦੇ ਇਲਾਕੇ ਦੀ ਬੋਲੀ।

(6) ਬਟਾਲੇ ਸ਼ਹਿਰ ਦਾ।

(7) ਦਾਦੇ ਦੀ ਦਾਦੀ।

(8) ਨਾਵਲ ਲਿਖਣ ਵਾਲਾ ਵਿਅਕਤੀ।

(9) ਹੀਰਿਆਂ ਦੀ ਪਰਖ ਕਰਨ ਵਾਲਾ।

(10) ਜੋ ਬੋਲ ਨਾ ਸਕਦਾ ਹੋਵੇ।

(11) ਘੱਟ ਬੁੱਧੀ ਵਾਲਾ ਵਿਅਕਤੀ।

(12) ਬਹੁਤ ਹੀ ਘੱਟ ਬੋਲਣ ਵਾਲਾ।

(13) ਗੁਰੂਆਂ ਦੇ ਜਨਮਦਿਨ।

(14) ਢੋਲ ਵਜਾਉਣ ਵਾਲਾ।

(15) ਕਵਿਤਾ ਲਿਖਣ ਵਾਲਾ ਵਿਅਕਤੀ।

(16) ਸਾਰੇ ਪਿੰਡ ਦੀ ਸਾਂਝੀ ਜ਼ਮੀਨ।

(17) ਜਿਸ ਵਿਚ ਕਿਰਪਾਨ ਰੱਖੀ ਜਾਏ।

(18) ਧੋਖਾ ਦੇਣ ਵਾਲਾ।

(19) ਹੱਦ ਦੇ ਨਾਲ ਲਗਦੇ।

(20) ਘਰ ਨਾਲ ਸੰਬੰਧਿਤ।

(21) ਪੰਜਾਂ ਦਰਿਆਵਾਂ ਦੀ ਧਰਤੀ।

(22) ਜਿਸਦੇ ਪੱਲੇ ਕੁੱਝ ਨ ਹੋਵੇ।

(23) ਜੋ ਕੰਮ ਤੋਂ ਜੀਅ ਚੁਰਾਵੇ।

(24) ਪੈਦਲ ਚੱਲਣ ਦਾ ਰਸਤਾ।

(25) ਜਿਸਦਾ ਪ੍ਰਾਪਤ ਹੋਣਾ ਮੁਸਕਲ ਹੋਵੇ। (20×1=20)

## ਭਾਗ-ੲ

IV. ਹੇਠ ਦਿੱਤੇ ਪ੍ਰਸ਼ਨਾਂ ਦੇ ਸੰਖੇਪ ਉੱਤਰ ਦਿਓ :

(a) ਪੰਜਾਬ ਵਿਚ ਕਬੱਡੀ ਦੇ ਖਿਡਾਰੀਆਂ ਦਾ ਭਵਿਖ ਕਿਹੋ ਜਿਹਾ ਹੈ?

(b) ਬੋਧ ਸਤੂਪ ਕੀ ਹੁੰਦਾ ਹੈ?

(c) ਪੰਜਾਬ ਨੂੰ ਭਾਰਤੀ ਸਭਿਆਚਾਰ ਦਾ ਪੰਘੂੜਾ ਕਿਉਂ ਕਿਹਾ ਜਾਂਦਾ ਹੈ?

(d) ਆਰੀਆਂ ਲੋਕਾਂ ਦੀ ਜੀਵਨ ਸ਼ੈਲੀ ਕਿਹੋ ਜਿਹੀ ਸੀ?

(e) ਸਭਿਆਚਾਰ ਕਿਸਨੂੰ ਕਹਿੰਦੇ ਹਨ?

(f) ਬਠਿੰਡੇ ਦੇ ਕਿਲੇ ਬਾਰੇ ਸੰਖੇਪ ਜਾਣਕਾਰੀ ਦਿਉ।

(g) ਪੰਜਾਬ ਵਿਚ ਵਿਆਹ ਕਿਸ ਤਰ੍ਹਾਂ ਦੇ ਹੁੰਦੇ ਹਨ?

(h) ਪੰਜਾਬ ਦੇ ਪਿੰਡਾਂ ਵਿਚ ਕੀ-ਕੀ ਤਬਦੀਲੀਆਂ ਵਾਪਰ ਰਹੀਆਂ ਹਨ?

(i) ਪੰਜਾਬ ਦੇ ਆਮ ਪਿੰਡ ਵਿਚ ਕਿਹੜੀਆ ਜਾਤਾਂ ਦੇ ਲੋਕ ਵੱਸਦੇ ਹਨ?

(j) 'ਪੰਜਾਬ ਵਿਚ ਜਾਤ ਵਿਵਸਥਾ' ਨਿਬੰਧ ਕਿਸਦਾ ਹੈ?

(k) ਮੁਗਲ ਸਰਾਵਾਂ ਦੀ ਬਣਤਰ ਕਿਹੋ ਜਿਹੀ ਸੀ?

(l) ਸਰਹੰਦ ਵਿਚ ਕਿਹੜੇ-ਕਿਹੜੇ ਮੱਧਕਾਲੀ ਸਮਾਰਕ ਵੇਖਣਯੋਗ ਹਨ?

(m) ਪੇਂਡੂ ਵਸੇਬੇ ਵਿਚ ਜਾਤਾਂ ਤੇ ਆਧਾਰਿਤ ਕੀ ਵਖਰੇਵਾਂ ਹੈ?

(n) 'ਕਬੱਡੀ ਪੰਜਾਬ ਦੀ' ਨਿਬੰਧ ਕਿਸਦਾ ਹੈ?

(o) ਪੰਜਾਬ ਦੇ ਜਾਤੀ ਵਤੀਰੇ ਉਪਰ ਗੁਰੂ ਸਾਹਿਬਾਨ ਨੇ ਕੀ ਪ੍ਰਭਾਵ ਪਾਇਆ? (15×2=30)